## ਭਾਗ—A ਬਾਲ ਵਿਕਾਸ ਤੇ ਸਿੱਖਿਆ ਸ਼ਾਸਤਰ (ਦੁ-ਭਾਸ਼ੀਆ)-ਪ੍ਰਸ਼ਨ ਨੰ : 1-30

**1. Linguistic relativity hypothesis was given by**
(*a*) Chomsky (*b*) Benjamin Lee Whorf
(*c*) Freud (*d*) Skinner

**2. Which of the following statements is not correct about growth and development ?**
(*a*) Growth is quantitative and development is qualitative.
(*b*) Growth involves changes in structure and not function.
(*c*) Physical growth slows down after adolescent stage.
(*d*) Development is not a continuous process.

**3. Maturationist theory was propounded by**
(*a*) Gessell (*b*) Freud
(*c*) James (*d*) Bandura

**4. The theoretical base for programmed learning is rooted best in the**
(*a*) Classical Conditioning Theory
(*b*) Human Information Processing Theory
(*c*) Operant Conditioning Theory
(*d*) Social Cognitive Theories

**5. 'Anorexia nervosa' is an eating disorder caused by**
(*a*) high food intake in children
(*b*) very limited food intake in children
(*c*) irregular food intake in children
(*d*) high tension and anxiety in children.

**6. As per the information processing theories, visuo-spatial sketchpad is a part of**
(*a*) working memory (*b*) long term memory
(*c*) information storage (*d*) retrieval of information

**7. Which of the following statements about abolescents is true ?**
(*a*) Girls typically start their pubertal growth spurt more than a year before boys
(*b*) Although the age at which individual children begin to mature varies, the time required for pubertal changes in quite uniform.
(*c*) During adolescence, one begins feeling the need for both intimacy and sexual gratification.
(*d*) All of the above are true.

**1. 'ਭਾਸ਼ਾ-ਵਿਗਿਆਨਿਕ ਸਾਪੇਖਕ ਪਰਿਕਲਪਨਾ' ਦਾ ਸਿਰਜਕ ਹੈ :**
(*a*) ਚੌਮਸਕੀ (*b*) ਬੈਂਜਾਮਿਨ ਲੀਅ ਵੌਰਫ਼
(*c*) ਫਰਾਇਡ (*d*) ਸਕਿਨਰ

**2. ਹੇਠ ਲਿਖਿਆਂ ਵਿਚੋਂ 'ਵ੍ਰਿਧੀ' ਅਤੇ 'ਵਿਕਾਸ' ਬਾਰੇ ਕਿਹੜਾ ਕਥਨ ਦਰੁਸਤ ਨਹੀਂ ਹੈ :**
(*a*) ਵ੍ਰਿਧੀ ਗਿਣਾਤਮਕ ਅਤੇ ਵਿਕਾਸ ਗੁਣਾਤਮਕ ਹੁੰਦਾ ਹੈ।
(*b*) ਵ੍ਰਿਧੀ ਸੰਰਚਨਾ ਵਿਚ ਬਦਲਾਉ ਲਿਆਉਂਦੀ ਹੈ, ਨਾ ਕਿ ਕਾਰਜ ਵਿਚ।
(*c*) ਕਿਸ਼ੋਰ ਅਵਸਥਾ ਦੇ ਪੜਾਅ ਤੋਂ ਬਾਅਦ ਸਰੀਰਕ ਵ੍ਰਿਧੀ ਧੀਮੀ ਹੋ ਜਾਂਦੀ ਹੈ।
(*d*) ਵਿਕਾਸ ਇਕ ਨਿਰੰਤਰ ਪ੍ਰਕਿਰਿਆ ਨਹੀਂ ਹੈ।

**3. ਪਰਿਪੱਕਵਤਾ ਦਾ ਸਿਧਾਂਤ ਦਿੱਤਾ ਹੈ :**
(*a*) ਗੇਸਲ (*b*) ਫਰਾਇਡ
(*c*) ਜੇਮਸ (*d*) ਬੈਂਡੂਰਾ

**4. ਯੋਜਨਾ-ਬੱਧ ਸਿੱਖਿਆ ਦੇ ਸਿਧਾਂਤਕ ਆਧਾਰ ਦੀ ਨੀਂਹ ਮੌਜੂਦ ਹੈ :**
(*a*) ਕਲਾਸਿਕੀ ਅਨੁਕੂਲਨ ਸਿਧਾਂਤ ਵਿਚ
(*b*) ਮਾਨਵ ਸੂਚਨਾ ਪ੍ਰਕ੍ਰਮਣ ਸਿਧਾਂਤ ਵਿਚ
(*c*) ਕਿਰਿਆਪ੍ਰਸੂਤ ਅਨੁਕੂਲਨ ਸਿਧਾਂਤ ਵਿਚ
(*d*) ਸਮਾਜਿਕ-ਵਿਗਿਆਨ ਸਿਧਾਂਤਾਂ ਵਿਚ

**5. ਖਾਣ ਦੇ ਵਿਕਾਰ 'ਐਨੋਰੈਕਸੀਆ ਨਿਰਵੋਸਾ' ਦਾ ਕਾਰਨ ਹੈ :**
(*a*) ਬੱਚਿਆਂ ਦਾ ਬਹੁ-ਮਾਤਰਾ ਵਿਚ ਖਾਣਾ
(*b*) ਬੱਚਿਆਂ ਦਾ ਬਹੁਤ ਘੱਟ ਮਾਤਰਾ ਵਿਚ ਖਾਣਾ
(*c*) ਬੱਚਿਆਂ ਦਾ ਨਿਯਮ ਅਨੁਸਾਰ ਨਾ ਖਾਣਾ
(*d*) ਬੱਚਿਆਂ ਵਿਚ ਬਹੁਤ ਤਣਾਉ ਅਤੇ ਵਿਆਕੁਲਤਾ

**6. ਸੂਚਨਾ ਪ੍ਰਕਰਮਣ ਸਿਧਾਂਤ ਅਨੁਸਾਰ ਦ੍ਰਿਸ਼ਟੀ-ਸਥਾਨਕ ਸਕੈੱਚ ਪੈਡ ਹਿੱਸਾ ਹੈ :**
(*a*) ਕਾਰਜਕਾਰੀ ਯਾਦਦਾਸ਼ਤ ਦਾ (*b*) ਲੰਮੇ ਸਮੇਂ ਦੀ ਯਾਦਦਾਸ਼ਤ ਦਾ
(*c*) ਸੂਚਨਾ ਭੰਡਾਰ ਦਾ (*d*) ਸੂਚਨਾ ਦੀ ਪੁਨਰ-ਪ੍ਰਾਪਤੀ ਦਾ

**7. ਹੇਠ ਲਿਖਿਆਂ ਵਿਚੋਂ ਕਿਸ਼ੋਰ ਅਵਸਥਾ ਬਾਰੇ ਕਿਹੜਾ ਕਥਨ ਸਹੀ ਹੈ :**
(*a*) ਖਾਸ ਤੌਰ 'ਤੇ ਕੁੜੀਆਂ ਵਿਚ ਮੁਟਿਆਰਪਣ ਦੀ ਅਵਸਥਾ ਮੁੰਡਿਆਂ ਨਾਲੋਂ ਇਕ ਸਾਲ ਤੋਂ ਪਹਿਲਾਂ ਹੀ ਆ ਜਾਂਦੀ ਹੈ
(*b*) ਪ੍ਰੌੜ ਉਮਰ ਇਕੱਲੇ-ਇਕੱਲੇ ਬੱਚੇ ਵਿਚ ਵਿਭਿੰਨ ਹੋ ਸਕਦੀ ਹੈ ਪਰ ਗਭਰੇਟ ਹੋਣ ਲਈ ਲੱਗਣ ਵਾਲਾ ਸਮਾਂ ਲਗਭਗ ਇਕ-ਸਮਾਨ ਹੁੰਦਾ ਹੈ।
(*c*) ਕਿਸ਼ੋਰ ਅਵਸਥਾ ਸਮੇਂ ਵਿਅਕਤੀ ਅਪਣੱਤ ਅਤੇ ਲਿੰਗ-ਮੂਲਕ ਇੱਛਾ-ਪੂਰਤੀ ਦੋਹਾਂ ਦੀ ਲੋੜ ਮਹਿਸੂਸ ਕਰਦਾ ਹੈ।
(*d*) ਉਪਰੋਕਤ ਸਾਰੇ ਦਰੁਸਤ ਹਨ।

8. 'Scaffolding' in the context of learning theories refers to
   (*a*) Simulation teaching
   (*b*) Recapitulation of previous learning
   (*c*) Giving support in learning by adults
   (*d*) Ascertaining the causes of mistakes done by students.

9. Which one of the following is the central idea of Giligan's critique of Kohlberg's theory of moral development ?
   (*a*) Class bias  (*b*) Cultural bias
   (*c*) Gender bias  (*d*) Racial bias

10. Which one of the following assesses structure of intelligence and its underlying dimensions ?
   (*a*) Psychometric approaches
   (*b*) Structural approaches
   (*c*) psycho-analytical approaches
   (*d*) Information processing approach

11. Which of the following is NOT a function of Continuous and Comprehensive Evaluation ?
   (*a*) Help in regular assignment to the extent and degree of learner's progress.
   (*b*) Identification of areas of aptitudes and interests.
   (*c*) Bring innovation in the field of education.
   (*d*) Helping teachers to organize effective teaching strategies.

12. The manifestation of symptoms such as Severe Impairment in social interaction and in communication can be diagnosed as symptoms of
   (*a*) Autism  (*b*) Amnesia
   (*c*) Cerebral Palsy  (*d*) Rett's syndrome

13. While discussing about Indian politics, the teacher with a view to help students to understand the concepts uses such words as political will, social equality, and political assumptions. According to Vygotsky's theory this is an example of
   (*a*) Scaffolding  (*b*) Guided participation
   (*c*) Apprenticeship  (*d*) Peer interaction

14. According to Piaget's theory of cognitive development, equilibriation is
   (*a*) fitting new information into existing schemes
   (*b*) altering existing schemes or creating new ones in response to new information
   (*c*) recognizing new information as a disguised version of old information
   (*d*) search for mental balance between cognitive schemes and information from the environment.

15. Unneeded letters, the omission of needed letters, reversal of vowels, reversal of syllabus are commonly associated with of the following learning disability ?
   (*a*) Dyslexia  (*b*) Dyscalculia
   (*c*) Dysgraphia  (*d*) Dysphasia

8. ਸਿੱਖਣ ਸਿਧਾਂਤ ਦੇ ਸੰਦਰਭ ਵਿਚ 'ਸਕੈਫੋਲਡਿੰਗ' ਸੰਕੇਤ ਕਰਦਾ ਹੈ :
   (*a*) ਅਨੁਕਰਨ ਕਰਨ ਕੇ ਸਿਖਾਉਣ ਵੱਲ।
   (*b*) ਪੂਰਵ-ਸਿੱਖਣ ਦੇ ਪੁਨਰ-ਦੁਹਰਾਉ ਵੱਲ।
   (*c*) ਬਾਲਗ ਦੀ ਸਿੱਖਣ ਵਿਚ ਸਹਾਇਤਾ ਕਰਨ ਵੱਲ।
   (*d*) ਵਿਦਿਆਰਥੀਆਂ ਵੱਲੋਂ ਕੀਤੀਆਂ ਗਈਆਂ ਗ਼ਲਤੀਆਂ ਦੇ ਕਾਰਨਾਂ ਦੀ ਪੜਤਾਲ ਕਰਨ ਵੱਲ।

9. ਹੇਠ ਲਿਖੇ 'ਚੋਂ ਕੋਲਬਰਗ ਦੇ ਨੈਤਿਕ ਵਿਕਾਸ ਦੇ ਸਿਧਾਂਤ ਦੀ, ਗਿਲੀਗਨ ਦੀ ਮੀਮਾਂਸਾ ਦਾ ਕੇਂਦਰੀ ਵਿਚਾਰ ਕੀ ਹੈ :
   (*a*) ਵਰਗ ਪੱਖਪਾਤ  (*b*) ਸੱਭਿਆਚਾਰਕ ਪੱਖਪਾਤ
   (*c*) ਲਿੰਗਕ ਪੱਖਪਾਤ  (*d*) ਨਸਲੀ ਪੱਖਪਾਤ

10. ਹੇਠ ਲਿਖੇ ਵਿਚੋਂ ਕਿਹੜਾ ਬੁੱਧੀ ਦੀ ਸੰਰਚਨਾ ਅਤੇ ਉਸ ਦੀਆਂ ਮੂਲ ਤਹਿਆਂ ਦੇ ਪਾਸਾਰਾਂ ਦਾ ਮੁੱਲਾਂਕਣ ਕਰਦਾ ਹੈ :
   (*a*) ਮਨੋਮਿਤੀ ਪਹੁੰਚ  (*b*) ਸੰਰਚਨਾਤਮਕ ਪਹੁੰਚ
   (*c*) ਮਨੋਵਿਸ਼ਲੇਸ਼ਨਾਤਮਕ ਪਹੁੰਚ  (*d*) ਸੂਚਨਾ ਪ੍ਰਕਰਮਣ ਪਹੁੰਚ

11. ਹੇਠ ਲਿਖਿਆਂ ਵਿਚੋਂ ਕਿਹੜਾ ਨਿਰੰਤਰ ਅਤੇ ਵਿਆਪਕ ਮੁਲਾਂਕਣ ਦਾ ਕਾਰਜ ਨਹੀਂ ਹੈ :
   (*a*) ਵਿਦਿਆਰਥੀ ਦੀ ਤਰੱਕੀ ਦੀ ਸੀਮਾ ਤੇ ਡਿਗਰੀ ਤੱਕ ਬਕਾਇਤਾ ਅਸਾਇਨਮੈਂਟ ਵਿਚ ਮਦਦ ਕਰਨਾ।
   (*b*) ਦਿਲਚਸਪੀ ਅਤੇ ਰੁਝਾਨ ਦੇ ਖੇਤਰਾਂ ਦੀ ਪਛਾਣ ਕਰਨਾ।
   (*c*) ਸਿੱਖਿਆ ਦੇ ਖੇਤਰ ਵਿਚ ਨਵੀਨਤਾ ਲਿਆਉਣਾ।
   (*d*) ਸਿਖਾਉਣ ਦੀ ਅਸਰਦਾਰ ਰਣਨੀਤੀਆਂ ਦੀ ਵਿਵਸਥਾ ਕਰਨ 'ਚ ਅਧਿਆਪਕਾਂ ਦੀ ਮਦਦ ਕਰਨਾ।

12. ਇਕ ਦੂਜੇ ਨਾਲ ਕੀਤੀ ਗਈ ਸਮਾਜਕ ਕਿਰਿਆ ਅਤੇ ਸੰਚਾਰ ਵਿਚ ਵਧੇਰੇ ਅਸਮਰਥ ਹੋਣ ਵਰਗੇ ਲੱਛਣਾਂ ਦੇ ਪ੍ਰਗਟਾਵੇ ਨੂੰ ਹੇਠ ਦਿੱਤੇ ਲੱਛਣ ਦੇ ਤੌਰ 'ਤੇ ਪਛਾਣਿਆ ਜਾ ਸਕਦਾ ਹੈ :
   (*a*) ਔਟਿਜ਼ਮ  (*b*) ਸਿਮਰਤੀ ਲੋਪ
   (*c*) ਮੂਰਧਨੀ ਅਧਰੰਗ  (*d*) ਰੈੱਟ ਸਿੰਡਰੋਮ

13. ਭਾਰਤ ਦੀ ਰਾਜਨੀਤੀ ਬਾਰੇ ਚਰਚਾ ਕਰਦਿਆਂ, ਵਿਦਿਆਰਥੀਆਂ ਨੂੰ ਸੰਕਲਪ ਸਮਝਾਉਣ ਦੀ ਦ੍ਰਿਸ਼ਟੀ ਰਾਹੀਂ ਅਧਿਆਪਕ, ਰਾਜਨੀਤਿਕ ਇੱਛਾ, ਸਮਾਜਕ ਬਰਾਬਰੀ ਅਤੇ ਰਾਜਨੀਤਿਕ ਧਾਰਨਾਵਾਂ ਵਰਗੇ ਸ਼ਬਦ ਵਰਤਦਾ ਹੈ। ਵਾਇਗੋਂਸਕੀ ਦੇ ਸਿਧਾਂਤ ਅਨੁਸਾਰ ਇਹ ਮਿਸਾਲ ਹੈ :
   (*a*) ਸਕੈਫੋਲਡਿੰਗ ਦੀ  (*b*) ਨਿਰਦੇਸ਼ਤ ਸਹਿਭਾਗਤਾ ਦੀ
   (*c*) ਸਿਖਾਂਦਰੂਪੁਣਾ ਦੀ  (*d*) ਜਮਾਤੀਆਂ ਦੀ ਆਪਸੀ ਕਿਰਿਆ ਦੀ

14. ਪਿਆਜੇ ਦੇ ਗਿਆਨਮਈ ਸਿਧਾਂਤ ਅਨੁਸਾਰ 'ਸੰਤੁਲਨ' ਹੈ :
   (*a*) ਵਰਤਮਾਨ ਸਕੀਮਾਂ ਵਿਚ ਨਹੀਂ ਸੂਚਨਾ ਦਾ ਫਿੱਟ ਹੋਣਾ।
   (*b*) ਵਰਤਮਾਨ ਸਕੀਮਾਂ ਨੂੰ ਬਦਲਣਾ ਅਤੇ ਨਵੀਂ ਸੂਚਨਾ ਦੀ ਪ੍ਰਤਿਕਿਰਿਆ ਵਜੋਂ ਨਵੇਂ ਸਕੀਮਾਂ ਨੂੰ ਤਿਆਰ ਕਰਨਾ।
   (*c*) ਪੁਰਾਣੀ ਸੂਚਨਾ ਦੇ ਲੁਕਵੇਂ ਸੰਸਕਰਨ ਦੇ ਤੌਰ 'ਤੇ ਨਵੀਨ ਸੂਚਨਾ ਦੀ ਪਛਾਣ ਕਰਨਾ।
   (*d*) ਵਾਤਾਵਰਨ ਵਿਚੋਂ ਗਿਆਨਮਈ ਸਕੀਮਾਂ ਅਤੇ ਸੂਚਨਾ ਵਿਚਕਾਰ ਮਾਨਸਕ ਸੰਤੁਲਨ ਨੂੰ ਤਲਾਸ਼ਣਾ।

15. ਗ਼ੈਰ-ਜ਼ਰੂਰੀ ਅੱਖਰ ਲਿਖਣਾ, ਜ਼ਰੂਰੀ ਅੱਖਰਾਂ ਨੂੰ ਛੱਡ ਦੇਣਾ, ਧੁਨੀਆਂ ਅਤੇ ਅੱਖਰਾਂ ਦਾ ਆਪਸੀ ਪਰਿਵਰਤਨ ਹੇਠ ਲਿਖੀਆਂ ਵਿਚੋਂ ਕਿਹੜੀ ਸਿੱਖਣ ਅਯੋਗਤਾ ਨਾਲ ਸੰਬੰਧਿਤ ਹੈ ?
   (*a*) ਡਿਸਲੈਕਸੀਆ ਨਾਲ  (*b*) ਡਿਸਕੈਲਕੁਲੀਆ ਨਾਲ
   (*c*) ਡਿਸਗ੍ਰਾਫੀਆ ਨਾਲ  (*d*) ਡਿਸਫ਼ੇਜ਼ੀਆ ਨਾਲ

**16. Which statement is true about inclusive education ?**

(*a*) Children should not be given right to education

(*b*) All children should receive equal opportunity and right to participate in school.

(*c*) Girls are not a part of inclusive education.

(*d*) Separate special education classes should be conducted in the school.

**17. Learning disabled children are**

(*a*) deficient in using potentials

(*b*) low in intelligence (*c*) slow in activity

(*d*) none of these

**18. Which of the following is not the aim of IEDC ?**

(*a*) Removing the mainstream schools.

(*b*) Providing educational opportunity to differently abled students in the school.

(*c*) Facilitate retention of differently abled in the school system.

(*d*) Integrate children from special schools with common schools.

**19. Who critiqued Piaget's theory by saying that 'If a child will not learn before he is capable to learn, then why bother; and if a child will learn automatically after he has the capability to learn, then why bother' ?**

(*a*) Bruner (*b*) Gardner

(*c*) Stenberg (*d*) Maslow

**20. According to A. Bandura, the following is a pre-condition for observational learning**

(*a*) The behaviour observed should be socially acceptable

(*b*) The model must be physically present in front of the child

(*c*) The child must fully understand the consequences of imitating the model

(*d*) The child must have the motor capacity and the strength to perform the actions observed.

**21. According to Piaget which of the following is NOT one of the four stages of moral development ?**

(*a*) Anomy (*b*) Heteronomy–Reciprocity

(*c*) Autonomy–Abolescence

(*d*) Sensory–Motor

**22. According to the theory of multiple intelligence, understanding of one's own feelings, motives and desires is called**

(*a*) Interpersonal intelligence

(*b*) Intra–personal intelligence

(*c*) Naturalist intelligence

(*d*) Spatial intelligence

**16. ਸਮਾਵੇਸ਼ੀ ਸਿੱਖਿਆ ਬਾਰੇ ਕਿਹੜਾ ਕਥਨ ਦਰੁਸਤ ਹੈ ?**

(*a*) ਬੱਚਿਆਂ ਨੂੰ ਸਿੱਖਿਆ ਦਾ ਅਧਿਕਾਰ ਨਹੀਂ ਦੇਣਾ ਚਾਹੀਦਾ।

(*b*) ਸਕੂਲ ਵਿਚ ਸਾਰੇ ਵਿਦਿਆਰਥੀਆਂ ਨੂੰ ਸਮਾਨ ਅਵਸਰ ਅਤੇ ਸਕੂਲਾਂ 'ਚ ਭਾਗੀਦਾਰ ਬਣਨ ਦਾ ਅਧਿਕਾਰ ਮਿਲਣਾ ਚਾਹੀਦਾ ਹੈ

(*c*) ਕੁੜੀਆਂ ਸਮਾਵੇਸ਼ੀ ਸਿੱਖਿਆ ਦਾ ਹਿੱਸਾ ਨਹੀਂ ਹੁੰਦੀਆਂ।

(*d*) ਸਕੂਲ ਵਿਚ ਵਿਸ਼ੇਸ਼-ਸਿੱਖਿਆ ਦੀਆਂ ਵੱਖਰੀਆਂ ਜਮਾਤਾਂ ਲੱਗਣੀਆਂ ਚਾਹੀਦੀਆਂ ਹਨ।

**17. ਸਿੱਖਣ ਅਯੋਗਤਾ ਵਾਲੇ ਬੱਚੇ :**

(*a*) ਪੂਰਨ ਸਮਰਥਾ ਨੂੰ ਵਰਤਣ ਵਿਚ ਅਯੋਗ ਹੁੰਦੇ ਹਨ

(*b*) ਵਿਚ ਬੁੱਧੀ ਦੀ ਘਾਟ ਹੁੰਦੀ ਹੈ

(*c*) ਗਤੀਵਿਧੀਆਂ ਵਿਚ ਧੀਮੇ ਹੁੰਦੇ ਹਨ

(*d*) ਉਪਰੋਕਤ ਵਿਚੋਂ ਕੋਈ ਨਹੀਂ

**18. ਹੇਠ ਲਿਖਿਆਂ 'ਚੋਂ ਕਿਹੜਾ ਆਈ.ਈ.ਡੀ.ਸੀ. ਦਾ ਉਦੇਸ਼ ਨਹੀਂ ਹੈ ?**

(*a*) ਮੁੱਖ-ਧਾਰਾ ਵਾਲੇ ਸਕੂਲਾਂ ਨੂੰ ਹਟਾਉਣਾ।

(*b*) ਵਿਸ਼ੇਸ਼ ਯੋਗਤਾ ਵਾਲੇ ਵਿਦਿਆਰਥੀਆਂ ਲਈ ਸਕੂਲ ਵਿਚ ਸਿੱਖਿਆ ਦੇ ਅਵਸਰ ਪ੍ਰਦਾਨ ਕਰਨਾ।

(*c*) ਵਿਸ਼ੇਸ਼ ਯੋਗਤਾ ਵਾਲੇ ਵਿਦਿਆਰਥੀਆਂ ਨੂੰ ਸਕੂਲ ਪ੍ਰਣਾਲੀ ਵਿਚ ਬਣਾਏ ਰੱਖਣ ਲਈ ਕੋਸ਼ਿਸ਼ ਕਰਨਾ।

(*d*) ਵਿਸ਼ੇਸ਼ ਸਕੂਲਾਂ ਅਤੇ ਸਧਾਰਨ ਸਕੂਲਾਂ ਦੇ ਵਿਦਿਆਰਥੀਆਂ ਦਾ ਏਕੀਕਰਨ ਕਰਨਾ।

**19. ਪਿਆਜੇ ਦੇ ਸਿਧਾਂਤ ਦੇ ਸੰਬੰਧ ਵਿਚ ਕਿਹੜੇ ਆਲੋਚਕ ਨੇ ਕਿਹਾ ਕਿ, "ਜੇਕਰ ਇਕ ਬੱਚਾ ਸਿੱਖਣ ਦੀ ਸਮਰਥਾ ਹੋਣ ਤੋਂ ਪਹਿਲਾਂ ਨਹੀਂ ਸਿੱਖ ਸਕਦਾ ਫਿਰ ਕਿਉਂ ਚਿੰਤਾ ਕਰਨੀ ? ਅਤੇ ਜੇਕਰ ਇਕ ਬੱਚਾ ਸਿੱਖਣ ਵਿਚ ਸਮਰੱਥ ਹੋਣ ਤੋਂ ਬਾਅਦ ਆਪਣੇ ਆਪ ਸਿੱਖਣਾ ਸ਼ੁਰੂ ਕਰ ਦਿੰਦਾ ਹੈ ਫਿਰ ਵੀ ਚਿੰਤਤ ਕਿਉਂ ਹੋ ?"**

(*a*) ਬਰੂਨਰ (*b*) ਗਾਡਨਰ

(*c*) ਸਟੈੱਨਬਰਗ (*d*) ਮੈਸਲੋਅ

**20. ਏ. ਬੈਨਡੂਰਾ ਅਨੁਸਾਰ, ਪ੍ਰੇਖਣ ਕਰ ਕੇ ਸਿੱਖਣ ਲਈ ਪੂਰਵ ਸ਼ਰਤ ਹੈ :**

(*a*) ਪ੍ਰੇਖਣ ਕੀਤਾ ਗਿਆ ਵਿਵਹਾਰ ਸਮਾਜਕ ਤੌਰ 'ਤੇ ਪ੍ਰਵਾਨਿਤ ਹੋਣਾ ਚਾਹੀਦਾ ਹੈ

(*b*) ਮਾਡਲ ਸਰੀਰਕ ਤੌਰ 'ਤੇ ਬੱਚੇ ਦੇ ਸਾਹਮਣੇ ਹੋਣਾ ਚਾਹੀਦਾ ਹੈ

(*c*) ਬੱਚੇ ਨੂੰ ਮਾਡਲ ਦੇ ਅਨੁਕਰਨ ਦੇ ਪਰਿਣਾਮਾਂ ਦੀ ਪੂਰੀ ਤਰ੍ਹਾਂ ਸਮਝ ਹੋਣੀ ਚਾਹੀਦੀ ਹੈ।

(*d*) ਬੱਚੇ ਵਿਚ ਮਾਸਪੇਸ਼ੀ ਸਮਰੱਥਾ ਅਤੇ ਪ੍ਰੇਖਣ ਕਾਰਜ ਨੂੰ ਕਰਨ ਦੀ ਤਾਕਤ ਹੋਣੀ ਚਾਹੀਦੀ ਹੈ।

**21. ਹੇਠ ਲਿਖਿਆਂ ਵਿਚੋਂ ਪਿਆਜੇ ਅਨੁਸਾਰ ਦਿੱਤੇ ਗਏ ਨੈਤਿਕ ਵਿਕਾਸ ਦੇ ਚਾਰ ਪੜਾਵਾਂ ਵਿਚੋਂ ਕਿਹੜਾ ਪੜਾਵ ਨਹੀਂ ਹੈ :**

(*a*) ਐਨੋਮੀ (*b*) ਹੇਟਰੋਨੋਮੀ-ਰੇਸੀਪ੍ਰੋਸਿਟੀ

(*c*) ਔਨੋਨੋਮੀ-ਐਡੋਲਸੈਂਸ (*d*) ਸੈਂਸਰੀ-ਮੋਟਰ

**22. ਬਹੁ-ਬੁੱਧੀ ਦੇ ਸਿਧਾਂਤ ਅਨੁਸਾਰ, ਸਵੈ-ਅਹਿਸਾਸ, ਉਦੇਸ਼ ਅਤੇ ਇੱਛਾਵਾਂ ਦੀ ਸਮਝਦਾਰੀ ਨੂੰ ਕਿਹਾ ਜਾਂਦਾ ਹੈ :**

(*a*) ਅੰਤਰ-ਵਿਅਕਤੀਗਤ ਬੁੱਧੀ (*b*) ਆਂਤਰ-ਵਿਅਕਤੀਗਤ ਬੁੱਧੀ

(*c*) ਪ੍ਰਕਿਰਤੀਵਾਦੀ ਬੁੱਧੀ (*d*) ਸਥਾਨਕ ਬੁੱਧੀ

**23. Which of the following statements is true about 'learning'?**
(*a*) Learning is fundamentally a mental activity
(*b*) Errors made by children indicate that no learning has taken place
(*c*) Learning is effective in an environment that is emotionally positive and satisfying for the learners.
(*d*) Learning is not affected by emotional factors at any stage of learning.

**24. The behaviour showing intrapersonal intelligence is**
(*a*) detecting another's underlying intentions and desires
(*b*) reading another's mood
(*c*) discrimination among such similar emotions as sadness and regret
(*d*) using knowledge of others to influence their thoughts and behaviour.

**25. Which theory of child development is supported by the frequent finding that adults who abuse their children typically come from families in which they themselves were abused?**
(*a*) Freudian psychoanalytic theory
(*b*) Information processing theory
(*c*) Ecological theory (*d*) Social learning theory

**26. 'Object permanence' is the major accomplishment of which stage of Piaget's cognitive development?**
(*a*) Sensori motor stage (*b*) Pre operational stage
(*c*) Concrete operation stage
(*d*) Formal operation stage

**27. The concept of critical period is derived from**
(*a*) Embryology (*b*) Physiology
(*c*) Genetics (*d*) Immunology

**28. Which of these are not the characteristics of gifted children?**
(*a*) Higher order mental processes
(*b*) High self efficiency (*c*) Lack of motivation
(*d*) Solving problems insightfully.

**29. Match the following:**

| | |
|---|---|
| (*a*) Charles Spearman | (a) Two level Process Theory |
| (*b*) E.L. Thorndike | (b) Two Factor Theory |
| (*c*) Howard Gardner | (c) Multiple Factor Theory |
| (*d*) Jenson | (d) Theory of Multiple Intelligence |

| | A | B | C | D |
|---|---|---|---|---|
| (*a*) | b | c | d | a |
| (*b*) | b | c | a | d |
| (*c*) | c | b | d | a |
| (*d*) | d | a | c | b |

**30. Which of the following does not agree with Kohlberg's theory of moral development?**
(*a*) Moral development proceeds in stages
(*b*) These stages are distinctive but not sequential
(*c*) At stage III the child is totally conformist with the social norms.
(*d*) At the last stage the child formulates his own moral principles.

**23. ਹੇਠ ਲਿਖਿਆਂ 'ਚੋਂ 'ਸਿੱਖਣ' ਸੰਬੰਧੀ ਕਿਹੜਾ ਕਥਨ ਸਹੀ ਹੈ ?**
(*a*) ਸਿੱਖਣਾ ਬੁਨਿਆਦੀ ਦਿਮਾਗੀ ਕਿਰਿਆ ਹੈ।
(*b*) ਬੱਚਿਆਂ ਵੱਲੋਂ ਕੀਤੀਆਂ ਗਈਆਂ ਗ਼ਲਤੀਆਂ ਇਹ ਸੰਕੇਤ ਕਰਦੀਆਂ ਹਨ ਕਿ ਕੁਝ ਵੀ ਸਿੱਖਿਆ ਨਹੀਂ ਜਾ ਸਕਿਆ।
(*c*) ਸਿੱਖਣਾ ਅਜਿਹੇ ਵਾਤਾਵਰਨ ਵਿਚ ਪ੍ਰਭਾਵਸ਼ਾਲੀ ਹੁੰਦਾ ਹੈ ਜਿਹੜਾ ਉਸਾਰੂ ਭਾਵਨਾ ਵਾਲਾ ਹੋਵੇ ਅਤੇ ਵਿਦਿਆਰਥੀਆਂ ਨੂੰ ਸੰਤੁਸ਼ਟ ਕਰੇ।
(*d*) ਸਿੱਖਣ ਦੇ ਕਿਸੇ ਵੀ ਪੜਾਅ 'ਤੇ, ਸਿੱਖਣਾ ਭਾਵਨਾਤਮਕ-ਤੱਤਾਂ ਰਾਹੀਂ ਪ੍ਰਭਾਵਤ ਨਹੀਂ ਹੁੰਦਾ।

**24. ਅੰਤਰ-ਵਿਅਕਤੀਗਤ ਬੁੱਧੀ ਦਾ ਵਿਵਹਾਰ ਪ੍ਰਗਟਾਉਂਦਾ ਹੈ।**
(*a*) ਕਿਸੇ ਦੇ ਅੰਤਰੀਵੀਂ ਇਰਾਦੇ ਅਤੇ ਇਛਾਵਾਂ ਦੀ ਸੂਹ ਕੱਢਣ ਨੂੰ।
(*b*) ਕਿਸੇ ਹੋਰ ਦਾ ਮਿਜਾਜ ਪਰਖਣ ਨੂੰ।
(*c*) ਉਦਾਸੀ ਅਤੇ ਅਫ਼ਸੋਸ ਵਰਗੀਆਂ ਸਮਾਨ ਭਾਵਨਾਵਾਂ ਵਿਚ ਵਖਰੇਵਾਂ ਕਰਨ ਨੂੰ।
(*d*) ਦੂਜਿਆਂ ਦੇ ਗਿਆਨ ਰਾਹੀਂ ਉਨ੍ਹਾਂ ਦੇ ਵਿਚਾਰਾਂ ਅਤੇ ਵਿਵਹਾਰਾਂ ਨੂੰ ਪ੍ਰਭਾਵਿਤ ਕਰਨ ਨੂੰ।

**25. ਪ੍ਰਚੱਲਿਤ ਨਿਸਕਰਸ਼ ਅਨੁਸਾਰ, ਉਹ ਬਾਲਗ ਵਿਅਕਤੀ ਜਿਹੜੇ ਆਪਣੇ ਬੱਚਿਆਂ ਨਾਲ ਦੁਰਵਿਹਾਰ ਕਰਦੇ ਹਨ, ਉਹ ਵਿਸ਼ੇਸ਼ ਤੌਰ 'ਤੇ ਉਨ੍ਹਾਂ ਪਰਿਵਾਰਾਂ ਨਾਲ ਸੰਬੰਧ ਰੱਖਦੇ ਹਨ, ਜਿਨ੍ਹਾਂ ਵਿੱਚ, ਉਨ੍ਹਾਂ ਨਾਲ ਪਹਿਲਾਂ ਹੀ ਦੁਰਵਿਹਾਰ ਹੋਇਆ ਹੁੰਦਾ ਹੈ। ਇਹ ਬੱਚੇ ਦੇ ਵਿਕਾਸ ਦੇ ਕਿਹੜੇ ਸਿਧਾਂਤ ਨੂੰ ਉਜਾਗਰ ਕਰਦਾ ਹੈ ?**
(*a*) ਫਰਾਇਡ ਦੇ ਮਨੋਵਿਸ਼ਲੇਸ਼ਣ ਸਿਧਾਂਤ ਨੂੰ
(*b*) ਸੂਚਨਾ ਪ੍ਰਕਰਮਣ ਸਿਧਾਂਤ ਨੂੰ (*c*) ਪਰਿਸਥਿਤੀ ਸੰਬੰਧੀ ਸਿਧਾਂਤ ਨੂੰ
(*d*) ਸਮਾਜਕ-ਸਿੱਖਣ ਸਿਧਾਂਤ ਨੂੰ

**26. 'ਵਸਤੂ ਸਥਾਈਪੁਣਾ' ਪਿਆਜੇ ਦੇ ਗਿਆਨਮਈ ਵਿਕਾਸ ਦੇ ਕਿਹੜੇ ਪੜਾਅ ਦੀ ਮੁੱਖ ਪ੍ਰਾਪਤੀ ਹੈ ?**
(*a*) ਸੰਵੇਦੀ ਪ੍ਰੇਰਕ ਪੜਾਅ ਦੀ (*b*) ਪੂਰਵ ਸੰਕ੍ਰਿਆਤਮਕ ਪੜਾਅ ਦੀ
(*c*) ਮੂਰਤ ਸੰਕ੍ਰਿਆਤਮਕ ਪੜਾਅ ਦੀ
(*d*) ਔਪਚਾਰਿਕ ਸੰਕ੍ਰਿਆਤਮਕ ਪੜਾਅ ਦੀ

**27. ਨਿਰਣਾਇਕ ਕਾਲ ਦਾ ਸੰਕਲਪ ਉਤਪੰਨ ਹੋਇਆ ਹੈ :**
(*a*) ਗਰਭ ਵਿਗਿਆਨ ਤੋਂ (*b*) ਸਰੀਰਕ ਕਿਰਿਆ ਵਿਗਿਆਨ ਤੋਂ
(*c*) ਵੰਸ਼ ਵਿਗਿਆਨ ਤੋਂ (*d*) ਰੋਗ-ਸੁਰੱਖਿਆ ਵਿਗਿਆਨ ਤੋਂ

**28. ਹੇਠ ਲਿਖਿਆਂ ਵਿਚੋਂ ਕਿਹੜਾ ਪ੍ਰਤਿਭਾਸ਼ਾਲੀ ਬੱਚਿਆਂ ਦੀ ਵਿਸ਼ੇਸ਼ਤਾ ਨਹੀਂ ਹੈ ?**
(*a*) ਉੱਚ-ਦਰਜੇ ਦੀ ਮਾਨਸਿਕ ਪ੍ਰਕਿਰਿਆ
(*b*) ਉੱਚ ਸਵੈ-ਪ੍ਰਵੀਨਤਾ (*c*) ਉਤਸਾਹਨ ਦੀ ਘਾਟ
(*d*) ਅੰਤਰ-ਦ੍ਰਿਸ਼ਟੀ ਨਾਲ ਸਮੱਸਿਆ ਨੂੰ ਸੁਲਝਾਉਣਾ।

**29. ਕਿਹੜਾ ਕ੍ਰਮ ਸਹੀ ਹੈ :**

| | |
|---|---|
| (*a*) ਚਾਰਲਸ ਸਪੀਅਰਮੈਨ | (a) ਦੋ-ਪੱਧਰੀ ਪ੍ਰਕਿਰਿਆ ਸਿਧਾਂਤ |
| (*b*) ਈ.ਐੱਲ. ਥੌਰਨਡਾਇਕ | (b) ਦੋ-ਕਾਰਕੀ ਸਿਧਾਂਤ |
| (*c*) ਹੌਵਰਡ ਗਾਰਡਨਰ | (c) ਬਹੁ-ਕਾਰਕੀ ਸਿਧਾਂਤ |
| (*d*) ਜੇਨਸਨ | (d) ਬਹੁ-ਬੁੱਧੀ ਸਿਧਾਂਤ |

| | A | B | C | D |
|---|---|---|---|---|
| (*a*) | b | c | d | a |
| (*b*) | b | c | a | d |
| (*c*) | c | b | d | a |
| (*d*) | d | a | c | b |

**30. ਹੇਠ ਲਿਖਿਆਂ ਵਿਚੋਂ ਕਿਹੜਾ, ਕੋਲਬਰਗ ਦੇ ਨੈਤਿਕ ਵਿਕਾਸ ਦੇ ਸਿਧਾਂਤ ਨਾਲ ਮੇਲ ਨਹੀਂ ਰੱਖਦਾ ?**
(*a*) ਨੈਤਿਕਤਾ ਦਾ ਵਿਕਾਸ ਪੜਾਅ ਅਨੁਸਾਰ ਅਗਾਂਹ ਵੱਧਦਾ ਹੈ
(*b*) ਇਹ ਪੜਾਅ ਨਿਵੇਕਲੇ ਤਾਂ ਹਨ ਪਰ ਤਰਤੀਬ ਅਨੁਸਾਰ ਨਹੀਂ।
(*c*) ਤੀਜੇ ਪੜਾਅ 'ਤੇ ਬੱਚੇ ਸੰਪੂਰਨ ਰੂਪ 'ਚ ਸਮਾਜਿਕ ਨੇਮ ਦਾ ਅਨੁਸਾਰੀ ਹੁੰਦਾ ਹੈ।
(*d*) ਆਖ਼ਰੀ ਪੜਾਅ 'ਤੇ ਬੱਚਾ ਆਪਣੇ ਹੀ ਨੈਤਿਕ ਨੇਮ ਬਣਾਉਂਦਾ ਹੈ।

## ਪੰਜਾਬੀ ਭਾਸ਼ਾ-ਪ੍ਰਸ਼ਨ ਨੰ: 31-60

**ਹੇਠ ਲਿਖੀ ਵਾਰਤਕ ਟੁਕੜੀ ਨੂੰ ਪੜ੍ਹੋ ਅਤੇ ਪ੍ਰਸ਼ਨਾਂ ਦੇ ਉੱਤਰ ਦਿਉ : (31 - 37)**

ਸਾਡੀ ਲੋਕਤੰਤਰਿਕ ਵਿਵਸਥਾ ਜਿਸ ਆਧਾਰ 'ਤੇ ਕੰਮ ਕਰ ਰਹੀ ਹੈ, ਉਸ ਦੀਆਂ ਜੜ੍ਹਾਂ ਵਿਚ ਇਹ ਵਿਸ਼ਵਾਸ ਕਾਰਜਸ਼ੀਲ ਹੈ ਕਿ ਨੀਤੀਆਂ, ਸਿਧਾਂਤਾਂ ਅਤੇ ਕਦਰਾਂ-ਕੀਮਤਾਂ ਦੇ ਆਧਾਰ 'ਤੇ ਰਾਜਨੀਤਿਕ ਸੰਗਠਨ ਬਣਨਗੇ ਅਤੇ ਉਹ ਉਨ੍ਹਾਂ ਦੇ ਅਨੁਸਾਰ ਲੋਕ-ਬਰਾਬਰਤਾ ਦੇ ਹਿੱਤ ਵਿਚ ਆਪਣੀਆਂ ਗਤੀ-ਵਿਧੀਆਂ ਨੂੰ ਨਿਰਧਾਰਤ ਕਰਨਗੇ। ਇਹ ਦਰੁਸਤ ਹੈ ਕਿ ਅੱਜ ਦੇਸ਼ ਵਿਚ ਅਜਿਹੇ ਸੰਗਠਨਾਂ ਦੀ ਕਮੀ ਨਹੀਂ, ਜਿਹੜੇ ਨੀਤੀਆਂ 'ਤੇ ਨਹੀਂ ਸਗੋਂ ਵਿਅਕਤੀ ਦੀ ਅਭਿਲਾਸ਼ਾ ਦੇ ਆਧਾਰ 'ਤੇ ਟਿਕੇ ਹੋਏ ਹਨ। ਨੀਤੀਆਂ ਦੀ ਗੱਲ, ਦਰਅਸਲ ਅਜਿਹੇ ਸੰਗਠਨ ਵੀ ਕਰਦੇ ਹਨ। ਹਾਲਾਂਕਿ, ਪਿਛਲੀ ਅੱਧੀ ਸਦੀ ਵਿਚ ਰਾਜਨੀਤਿਕ ਦਲਾਂ ਨੇ, ਨੀਤੀਆਂ ਆਦਰਸ਼ਾਂ ਦੇ ਅਜਿਹੇ ਉਦਾਹਰਨ ਸਾਹਮਣੇ ਨਹੀਂ ਲਿਆਂਦੇ, ਜਿਹੜੇ ਲੋਕਤੰਤਰਿਕ ਵਿਵਸਥਾ ਦੇ ਮਜ਼ਬੂਤ ਅਤੇ ਤੰਦਰੁਸਤ ਹੋਣ ਦੇ ਸੰਕੇਤ ਦਿੰਦੇ ਹੋਣ, ਫਿਰ ਵੀ ਇਹ ਆਸ ਤਾਂ ਹਮੇਸ਼ਾ ਰਹੀ। ਸਾਡੀ ਰਾਜਨੀਤੀ ਦੀ ਦਿਸ਼ਾ ਤੈਅ ਕਰਨ ਵਿਚ ਨੀਤੀਆਂ ਅਤੇ ਨੈਤਿਕਤਾ ਕੋਈ ਨਾ ਕੋਈ ਭੂਮਿਕਾ ਜ਼ਰੂਰ ਨਿਭਾਏਗੀ। ਖ਼ੈਰ! ਇਹ ਖ਼ੁਸ਼ਫਹਿਮੀ ਸੀ ਪਰ ਹੁਣ ਅਜਿਹੀ ਖ਼ੁਸ਼ਫਹਿਮੀ ਨੂੰ ਪਾਲਣ ਦਾ ਮੌਕਾ ਵੀ ਨਹੀਂ ਦਿਸ ਰਿਹਾ ਹੈ। ਪਰੰਤੂ ਅੱਜ ਇਹ ਸਵਾਲ ਪੁੱਛਣ ਦਾ ਮੌਕਾ ਹੈ ਕਿ ਮੌਕਾਪ੍ਰਸਤੀ ਨੂੰ ਰਾਜਨੀਤੀ ਵਿਚ ਗੁਨਾਹ ਕਦੋਂ ਮੰਨਿਆ ਜਾਵੇਗਾ, ਨੀਤੀਆਂ ਸਾਡੀ ਰਾਜਨੀਤੀ ਦਾ ਆਧਾਰ ਕਦੋਂ ਬਣ ਸਕਣਗੀਆਂ ?

ਫਿਰ ਆਪਣੇ-ਆਪ ਵਿਚ ਬਦਕਿਸਮਤੀ ਹੀ ਹੈ ਕਿ ਸਿਧਾਂਤਾਂ ਅਤੇ ਨੀਤੀਆਂ 'ਤੇ ਆਧਾਰਿਤ ਰਾਜਨੀਤੀ ਦੀ ਗੱਲ ਕਰਨਾ, ਇਕ ਅਜੀਬ ਸ਼ੈਅ ਲੱਗਦਾ ਹੈ। ਸਾਡੀ ਰਾਜਨੀਤੀ ਦੇ ਪਿਛਲੇ ਕੁਝ ਦਹਾਕਿਆਂ ਦਾ ਇਤਿਹਾਸ, ਨਿਰੰਤਰ ਹੋ ਰਹੇ ਪਤਨ ਦਾ ਬਿਰਤਾਂਤ ਹੈ। ਇਹ ਠੀਕ ਹੈ ਕਿ, ਵਿਅਕਤੀ ਦੇ ਵਿਚਾਰ ਕਦੇ ਵੀ ਬਦਲ ਸਕਦੇ ਹਨ ਪਰ ਰੋਜ਼ਾਨਾ ਵਸਤਰਾਂ ਦੀ ਤਰ੍ਹਾਂ ਵਿਚਾਰ ਬਦਲਣ ਨੂੰ ਕਿਸ ਆਧਾਰ 'ਤੇ ਦਰੁਸਤ ਠਹਿਰਾਇਆ ਜਾ ਸਕਦਾ ਹੈ ?

ਸੱਚ ਤਾਂ ਇਹ ਹੈ ਕਿ ਅੱਜ ਸਾਡੀ ਰਾਜਨੀਤੀ ਵਿਚ ਠੀਕ ਤੇ ਗ਼ਲਤ ਦੀ ਪਰਿਭਾਸ਼ਾ ਹੀ ਬਦਲ ਗਈ ਹੈ। ਉਹ ਸਭ ਠੀਕ ਹੋ ਜਾਂਦਾ ਹੈ ਜਿਸ ਵਿਚ ਆਪਣਏ ਰਾਜਨੀਤਿਕ ਹਿੱਤਾਂ ਦੀ ਪੂਰਤੀ ਹੁੰਦੀ ਹੋਵੇ ਅਤੇ ਜੋ ਵਿਰੋਧੀ ਆਪਣੇ ਹਿੱਤਾਂ ਦੀ ਪੂਰਤੀ ਲਈ ਉਹੀ ਕਰਦਾ ਹੈ ਜਿਹੜਾ ਅਸੀ ਕਰਦੇ ਹਾਂ, ਉਦੋਂ ਇਹ ਗ਼ਲਤ ਸਿੱਧ ਹੋ ਜਾਂਦਾ ਹੈ।

ਇਹ ਇਕ ਮੰਦਭਾਗੀ ਸੱਚਾਈ ਹੈ ਕਿ ਅੱਜ ਕਦਰਾਂ-ਕੀਮਤਾਂ ਅਤੇ ਸਿਧਾਂਤਾਂ ਤੋਂ ਬਿਨਾਂ ਰਾਜਨੀਤੀ ਮਹਿਜ਼ ਸੱਤਾ ਹਾਸਲ ਕਰਨ ਲਈ ਹੁੰਦੀ ਹੈ। ਦਲ-ਬਦਲਣ ਦੀ ਰਾਜਨੀਤੀ ਕਿਸੇ ਰੁਝਾਨ ਦੀ ਇਕ ਮਿਸਾਲ ਹੈ ਅਤੇ ਟਿਕਟ ਨਾ ਮਿਲਣ ਤੇ ਪਾਰਟੀ 'ਚੋਂ ਬਾਗ਼ੀਆਨਾ ਸੁਰ, ਦੂਜੀ ਮਿਸਾਲ ਹੈ। ਇਥੇ ਤਾਂ ਸਾਡੇ ਅਜਿਹੀ ਵੀ ਉਦਾਹਰਨ ਹਨ ਜਦੋਂ ਕੁਰਸੀ ਲਈ ਸਮੂਹਿਕ ਦਲ-ਬਦਲ ਹੋਏ ਹਨ। ਫਿਲਹਾਲ, ਜਦੋਂ ਕਦੇ ਵੀ ਅਜਿਹਾ ਹੋਇਆ, ਰਾਜਨੀਤੀ ਵਿਚ ਨੈਤਿਕਤਾ ਦੀ ਗੱਲ ਸੁਲਗ ਉੱਠੀ। ਪਰ ਕੋਈ ਅਜਿਹੀ ਗੱਲ, ਕਦੇ ਵੀ ਕਿਸੇ ਪ੍ਰਮਾਣਿਕ ਸਿੱਟੇ 'ਤੇ ਨਹੀਂ ਪਹੁੰਚੀ। ਬਦਕਿਸਮਤੀ ਤਾਂ ਇਹ ਹੈ ਕਿ ਅਸੀਂ ਇਹ ਵੀ ਸਿੱਧ ਨਹੀਂ ਕਰ ਸਕੇ ਕਿ ਨੈਤਿਕਤਾ ਵਿਹੂਣੀ ਰਾਜਨੀਤੀ ਲੋਕਤੰਤਰ ਦੇ ਲਈ ਸਰਾਪ ਹੈ। ਜੋ ਹੋਇਆ, ਵਿੰਗਾ-ਟੇਡਾ ਹੀ ਸੀ। ਰਾਜਨੀਤੀ ਦੀ ਖੇਡ ਵਿਚ ਨੈਤਿਕਤਾ ਨੂੰ ਅੰਗੂਠਾ ਦਿਖਾਉਣ ਵਾਲੇ ਨੇਤਾ ਤਾਂ ਹਮੇਸ਼ਾ ਸਨਮਾਨਤ ਹੀ ਹੋਏ।

ਸਵਾਲ ਪੈਦਾ ਹੁੰਦਾ ਹੈ ਕਿ ਇਸ ਸਮੁੱਚੀ ਪ੍ਰਕਿਰਿਆ ਵਿਚ ਸ਼ਹਿਰੀ (ਨਾਗਰਿਕ) ਦੀ ਭੂਮਿਕਾ ਕੀ ਰਹੀ ਹੈ ? ਕੀ ਉਸ ਨੇ ਕਦੇ ਵੀ ਸੁਆਰਥੀ ਅਤੇ ਭ੍ਰਿਸ਼ਟ ਅਗਵਾਈ ਨੂੰ ਵੰਗਾਰਿਆ ਹੈ ? ਕੀ ਉਸ ਨੇ ਕਦੀ ਇਹ ਮਹਿਸੂਸ ਕੀਤਾ ਹੈ ਕਿ 'ਗ਼ਲਤ' ਦੇ ਵਿਰੁੱਧ ਖੜ੍ਹੇ ਹੋਣਾ, ਉਸ ਦਾ ਫ਼ਰਜ਼ ਹੈ ਅਤੇ ਬਿਹਤਰ ਭਵਿੱਖ ਦੀ ਸ਼ਰਤ ਵੀ ? ਇਹ ਅਤੇ ਅਜਿਹੇ ਕਈ ਸਵਾਲ ਤੁਸੀਂ ਆਪਣੇ-ਆਪ ਤੋਂ ਵੀ ਪੁੱਛ ਸਕਦੇ ਹੋ ? ਪੁੱਛੋ ? ਸਵੈ ਨੂੰ ਤਲਾਸ਼ੋ। ਆਪਣੀ ਸ਼ਕਤੀ ਨੂੰ ਪਛਾਣੀਏ। ਸ਼ਕਤੀ ਦੇ ਵਿਸ਼ਵਾਸ ਵਿਚ ਵੀ ਸ਼ਕਤੀ ਹੈ। ਜੇਕਰ ਸਾਡੇ ਵਿਚ ਵਿਸ਼ਵਾਸ ਹੀ ਨਹੀਂ ਹੈ ਤਾਂ ਅਸੀਂ ਅੱਗੇ ਕਿਵੇਂ ਵੱਧ ਸਕਾਂਗੇ। ਆਤਮ-ਵਿਸ਼ਵਾਸ ਦੇ ਖੇਤਰ ਵਿਚ ਸ਼ੱਕ ਤੇ ਸੰਦੇਹ ਆਦਿ ਲਫ਼ਜ਼ਾਂ ਦੀ ਗੁੰਜਾਇਸ਼ ਨਹੀਂ ਹੈ। ਉੱਥੇ ਪ੍ਰਸ਼ਨ ਵਾਚਕ ਚਿੰਨ੍ਹ ਤਾਂ ਹੁੰਦਾ ਹੀ ਨਹੀਂ ਹੈ।

**31. ਲੋਕਤੰਤਰਿਕ ਵਿਵਸਥਾ ਵਿਚ ਆਸਾਂ ਪੂਰੀਆਂ ਨਾ ਹੋ ਸਕਣ ਲਈ ਜਵਾਬਦੇਹ ਹੈ :**

(*a*) ਰਾਜਨੀਤੀ ਵਿਚ ਮੌਕਾਪ੍ਰਸਤੀ ਦਾ ਬੋਲ-ਬਾਲਾ
(*b*) ਕਮਜ਼ੋਰ ਲੋਕਤੰਤਰਿਕ ਵਿਵਸਥਾ
(*c*) ਉੱਚਿਤ ਅਗਵਾਈ ਦੀ ਘਾਟ
(*d*) ਵਿਅਕਤੀਆਂ ਦੇ ਵਿਚਾਰਾਂ ਵਿਚ ਅਸਥਿਰਤਾ

**32. ਦਲ-ਬਦਲਣ ਦੀ ਰਾਜਨੀਤੀ ਕੀ ਐਲਾਨ ਕਰਦੀ ਹੈ :**

(*a*) ਸਿਧਾਂਤਾਂ ਅਤੇ ਸਵਾਰਥਾਂ ਵਿਚਕਾਰ ਟਕਰਾਉ।
(*b*) ਸੱਤਾ ਪ੍ਰਾਪਤੀ ਪ੍ਰਮੁੱਖ ਮਨੋਰਥ ਹੈ
(*c*) ਸੰਗਠਨ ਦੀਆਂ ਨੀਤੀਆਂ ਪ੍ਰਤੀ ਵੰਗਾਰਮਈ ਸੁਰ।
(*d*) ਦਲ ਦੇ ਆਗੂ ਵਿਚ ਅਵਿਸ਼ਵਾਸ।

**33. ਸਮੂਹਿਕ ਦਲ-ਬਦਲੀ ਕਰਨ 'ਤੇ ਕਿਹੜੀ ਪ੍ਰਤਿਕਿਰਿਆ ਵੇਖਣ ਨੂੰ ਮਿਲਦੀ ਹੈ ?**

(*a*) ਕਾਰਜ ਦੀ ਨੈਤਿਕਤਾ 'ਤੇ ਪ੍ਰਸ਼ਨ ਕੀਤਾ ਗਿਆ
(*b*) ਪਾਰਟੀ ਵਿਸ਼ੇਸ਼ ਦੀ ਰਾਜਨੀਤੀ ਨੂੰ ਪ੍ਰਫੁੱਲਿਤ ਕੀਤਾ
(*c*) ਨੈਤਿਕਤਾ ਦਾ ਮਜ਼ਾਕ ਉਡਾਇਆ ਗਿਆ
(*d*) ਸੰਗਠਨਾਂ ਨੇ ਆਪਣੀਆਂ ਨੀਤੀਆਂ ਦੀ ਪੜਚੋਲ ਕੀਤੀ।

**34. 'ਠੀਕ' ਅਤੇ 'ਗ਼ਲਤ' ਦੀ ਪਰਿਭਾਸ਼ਾ ਬਦਲਣ ਦਾ ਭਾਵ ਹੈ :**

(*a*) ਸੱਚ ਨੂੰ ਝੂਠ ਅਤੇ ਝੂਠ ਨੂੰ ਸੱਚ ਸਿੱਧ ਕਰਨਾ।
(*b*) ਆਪਣੇ ਵਿਰੋਧੀ ਦੇ ਸਹੀ ਵਿਚਾਰਾਂ ਨੂੰ ਵੀ ਗ਼ਲਤ ਠਹਿਰਾਉਣਾ।
(*c*) ਠੀਕ ਅਤੇ ਗ਼ਲਤ ਨੂੰ ਪਛਾਨਣ ਦੀ ਦ੍ਰਿਸ਼ਟੀ ਵਿਚ ਪਰਿਵਰਤਨ।
(*d*) ਦੂਜੇ ਦੇ ਠੀਕ ਨੂੰ ਗ਼ਲਤ ਅਤੇ ਆਪਣੇ ਗ਼ਲਤ ਨੂੰ ਠੀਕ ਦਰਸਾਉਣਾ।

**35. ਇਸ ਵਾਰਤਕ ਦੇ ਪੈਰ੍ਹੇ ਵਿਚ ਕਿਹੜੀ ਖ਼ੁਸ਼ਫਹਿਮੀ ਵੱਲ ਇਸ਼ਾਰਾ ਕੀਤਾ ਗਿਆ ਹੈ ?**

(*a*) ਅਭਿਲਾਸ਼ਾ ਤੋਂ ਸੱਖਣੀ ਅਗਵਾਈ
(*b*) ਲੋਕਤੰਤਰਿਕ ਵਿਵਸਥਾ ਨੂੰ ਕਾਇਮ ਕਰਨਾ
(*c*) ਨੈਤਿਕਤਾ ਤੋਂ ਪ੍ਰੇਰਿਤ ਰਾਜਨੀਤੀ
(*d*) ਲੋਕ-ਕਲਿਆਣਕਾਰੀ ਸੰਗਠਨੀ-ਸਰਗਰਮੀਆਂ

**36. ਦਲ ਆਧਾਰਿਤ ਰਾਜਨੀਤੀ ਤੰਤਰ ਤੋਂ ਸਾਡੀ ਕੀ ਮੁਰਾਦ ਹੈ ?**

(*a*) ਦਲ ਦੇ ਆਗੂ ਦੀ ਇੱਛਾ ਸਰਵੋਤਮ ਹੋਵੇਗੀ।
(*b*) ਹਰੇਕ ਦਲ ਆਪਣੇ-ਆਪਣੇ ਰਾਜਨੀਤਿਕ ਹਿੱਤਾਂ ਦੀ ਪੂਰਤੀ ਕਰੇਗਾ।
(*c*) ਹਰੇਕ ਦਲ ਸੱਤਾ 'ਤੇ ਆਪਣੀ ਮਜ਼ਬੂਤੀ ਬਣਾਈ ਰੱਖਣ ਲਈ ਯਤਨਸ਼ੀਲ ਹੋਵੇਗਾ।
(*d*) ਸੰਗਠਨ ਦੀਆਂ ਸਰਗਰਮੀਆਂ ਵਿਚ ਲੋਕ-ਕਲਿਆਣ 'ਤੇ ਧਿਆਨ ਦਿੱਤਾ ਜਾਵੇਗਾ।

**37. ਨੈਤਿਕਤਾ ਵਿਹੂਣੀ ਰਾਜਨੀਤੀ ਨੂੰ ਸਰਾਪ ਕਿਉਂ ਨਹੀਂ ਮੰਨਿਆ ਗਿਆ ?**

(*a*) ਨੈਤਿਕਤਾ ਰਾਜਨੀਤੀ ਦਾ ਆਧਾਰ ਨਹੀਂ ਹੋ ਸਕਦੀ।
(*b*) ਨੈਤਿਕਤਾ ਨੂੰ ਪਰਿਭਾਸ਼ਿਤ ਕਰਨਾ ਔਖਾ ਹੈ।
(*c*) ਨੈਤਿਕਤਾ ਦੀ ਪ੍ਰਵਾਹ ਨਾ ਕਰਨਾ ਫਾਇਦੇਮੰਦ ਸਿੱਧ ਹੋਇਆ।
(*d*) ਨੈਤਿਕਤਾ ਰਾਜਨੀਤੀ ਨੂੰ ਸਹੀ ਦਿਸ਼ਾ ਪ੍ਰਦਾਨ ਕਰਨ ਵਿਚ ਅਸਫਲ ਰਹੀ ਹੈ।

ਹੇਠ ਲਿਖੇ ਕਾਵਿ ਦਾ ਅਧਿਐਨ ਕਰਕੇ ਸੁਆਲਾਂ ਦੇ ਜਵਾਬ ਦਿਉ : (38-45)

ਪਿਆਰ ਤੇਰਾ ਜੀਵਨ ਵਿਚ ਮੈਨੂੰ,
ਕੁੱਲ ਏਨਾ ਚਿਰ ਮਿਲਿਆ—
ਜੇਠ ਹਾੜ ਦੀ ਰੁੱਤੇ,
ਜਿਉਂ ਥਲ ਭੁੱਜਦੇ ਸਿਖ਼ਰ ਦੁਪਹਿਰੇ,
ਇਕ ਕਿਣਕੇ ਦੇ ਉੱਤੋਂ,
ਅੱਕ-ਕੱਕੜੀ ਦਾ ਫੰਭਾ ਉੱਡਦਾ
ਪਲ-ਛਿਣ ਛਾਂ ਕਰ ਜਾਵੇ।
ਹੇ ਮੇਰੀ ਸਰਘੀ-ਸੁੱਖ ਚੰਨੀਏ,
ਯਾਦ ਤੇਰੀ ਮੈਂ ਸਾਂਭ ਸਾਂਭ ਕੇ,
ਇੰਝ ਦਿਲ ਅੰਦਰ ਰੱਖੀ-
ਜਿਉਂ ਸਿਆਲੀ ਰੁੱਤੇ,
ਟੁੱਟੇ ਹੋਏ ਛੱਪ ਦੇ ਉੱਤੇ,
ਮੀਂਹ ਗੜੇ ਦਾ ਵੱਸਦਾ,
ਛੱਪਰ ਚੋਵੇ,
ਥੱਲੇ ਇਕ ਮੁਸਾਫਰ ਬੈਠਾ ਅੱਗ ਬਾਲ ਕੇ,
ਤ੍ਰਿਪ ਤ੍ਰਿਪ ਚੋਂਦੇ ਮੀਂਹ ਦੇ ਟੇਪਿਓ,
ਨਿੱਘ ਬਚਾਵਣ ਖਾਤਰ,
ਰੋਕ ਪਿੱਠ 'ਤੇ ਗੰਧਲਾ ਪਾਣੀ,
ਅੱਗ 'ਤੇ ਝੁਕਿਆ ਹੋਵੇ।
ਕਾਹਦਾ ਮਾਣ ਕਰੇ ਕੋਈ ਦਿਲ 'ਤੇ, ਕੀ ਕੋਈ ਬੰਨ੍ਹੇ ਦ੍ਹਾਵੇ।
ਪੱਲਾ ਸਬਰ ਮੇਰੇ ਦਾ ਦਿਲ ਤੋਂ ਏਦਾਂ ਛੁੱਟ ਛੁੱਟ ਜਾਵੇ-
ਜਿਉਂ ਕਣਕਾਂ ਦੇ ਵੱਢਾਂ ਦੇ ਵਿਚ,
ਨਿੱਕਾ ਜਿਹਾ ਪੋਲੀ ਦਾ ਬੂਟਾ,
ਚੁੰਡਾਂ ਦੇ ਵਿਚ ਫਸਿਆ ਹੋਵੇ,
ਹਵਾ ਦੇ ਧੱਫ਼ਿਆਂ ਨਾਲ ਵਿਚਾਰਾ,
ਕਦੇ ਫਸੇ, ਛੁੱਟ ਜਾਵੇ।
ਫਸ ਜਾਵੇ, ਛੁੱਟ ਜਾਵੇ।
ਮੇਰੇ ਰੋਮ ਰੋਮ 'ਚੋਂ ਹਰ ਦਮ,
ਰਹਿੰਦੀ ਏਦਾਂ ਰਵਾਂ ਹੈ ਪਿਆਰ ਕਹਾਣੀ-
ਕਿਤੇ ਕਿਤੇ ਜਿਉਂ ਪਰਬਤਾਂ ਅੰਦਰ,
ਸਿੱਲ੍ਹਿਆਂ ਸਿੱਲ੍ਹਿਆਂ ਪੱਥਰਾਂ ਵਿਚੋਂ
ਹੌਲੀ ਹੌਲੀ ਸਿੰਮਦਾ ਰਹਿੰਦਾ
ਕੋਸਾ ਕੋਸਾ ਪਾਣੀ।

**38.** ਲੇਖਕ ਅਨੁਭਵ ਵਸਤੂ ਦੇ ਪ੍ਰਗਟਾਵੇ ਲਈ ਕਾਵਿ-ਬਿੰਬਾਵਲੀ ਗ੍ਰਹਿਣ ਕਰਦਾ ਹੈ :
(*a*) ਸਭਿਆਚਾਰਕ ਰੂੜ੍ਹੀਆਂ 'ਚੋਂ (*b*) ਇਤਿਹਾਸ ਬੋਧ 'ਚੋਂ
(*c*) ਯਥਾਰਥਕ-ਪ੍ਰਕ੍ਰਿਤਕ ਧਰਾਤਲ 'ਚੋਂ
(*d*) ਸੂਫ਼ੀਆਨਾ, ਰਿੰਦਾਨਾ

**39.** ਨਜ਼ਮ ਦਾ ਆਖ਼ਰੀ ਬੰਦ ਪਿਆਰ ਦੇ ਕਿਹੜੇ ਭਾਵ-ਬੋਧ ਨੂੰ ਪੇਸ਼ ਕਰਦਾ ਹੈ :
(*a*) ਸਹਿਜ-ਸੁਹਜ ਬੋਧ (*b*) ਦਵੰਦਾਤਮਕ ਸਥਿਤੀਆਂ ਦਾ ਬੋਧ
(*c*) ਤਣਾਉਗ੍ਰਸਤ ਸਥਿਤੀਆਂ (*d*) ਮਾਨਸਿਕ-ਖਿੰਡਾਉ ਦਾ ਬੋਧ

**40.** 'ਥਲ' ਸ਼ਬਦ ਦਾ ਸਮਾਨਾਂਤਰ ਹੈ :
(*a*) ਟਿੱਬੇ (*b*) ਕੱਲਰ
(*c*) ਜ਼ਰਖ਼ੇਜ਼ (*d*) ਬੰਜਰ

**41.** ਲੇਖਕ ਕਵਿਤਾ ਦੇ ਪਹਿਲੇ ਕਾਵਿ-ਬੰਦ ਵਿਚ :
(*a*) ਪਿਆਰ ਮਿਲਣ ਦੇ ਛਿਣ ਨੂੰ ਨਿੱਜ ਤੋਂ ਪਰ ਤੱਕ ਫੈਲਾਉਂਦਾ ਹੈ
(*b*) ਪਿਆਰ ਦੀ ਸੰਖੇਪਤਾ ਦੇ ਜਜ਼ਬੇ ਦਾ ਚਿੱਤਰ ਉਲੀਕਦਾ ਹੈ
(*c*) ਹਮਦਰਦੀ ਅਤੇ ਕੋਮਲਤਾ ਦੇ ਅਭਾਵ ਦੀ ਪੇਸ਼ਕਾਰੀ ਨਹੀਂ ਕਰਦਾ।
(*d*) ਪਿਆਰ ਨੂੰ ਫ਼ਲਸਫਾਨਾ ਅੰਦਾਜ਼ ਵਿਚ ਬਿਆਨ ਕਰਦਾ ਹੈ।

**42.** 'ਹੇ ਮੇਰੀ ਸਰਘੀ-ਸੁੱਖ ਚੰਨੀਏ' ਸਤਰ ਵਿਚ ਕਿਹੜਾ ਅਲੰਕਾਰ ਵਰਤਿਆ ਗਿਆ ਹੈ :
(*a*) ਰੂਪਕ (*b*) ਉਪਮੇਯ
(*c*) ਅਨੁਪ੍ਰਾਸ (*d*) ਵਿਸ਼ੇਸ਼ੋਕਤੀ

**43.** "ਕਾਹਦਾ ਮਾਣ ਕਰੇ ਕੋਈ ਦਿਲ 'ਤੇ ..... ਫਸ ਜਾਵੇ, ਛੁੱਟ ਜਾਵੇ" ਕਾਵਿ-ਸਤਰਾਂ ਵਿਚ ਲੇਖਕ ਆਪਣੇ ਇਸ਼ਕ ਦੇ ਸਿਦਕ ਦੀ :
(*a*) ਸਥਿਤੀ ਸਿਰਜਦਾ ਹੈ
(*b*) ਇਕਸਾਰਤਾ/ਇਕਸੁਰਤਾ ਸਿਰਜਦਾ ਹੈ
(*c*) ਵੇਗ ਤੇ ਲੈਅ ਸਿਰਜਦਾ ਹੈ
(*d*) ਖੜੋਤ ਦੀ ਸਥਿਤੀ ਨੂੰ ਸਿਰਜਦਾ ਹੈ।

**44.** 'ਟੁੱਟੇ ਹੋਏ ਛੱਪਰ ਦੇ ਉੱਤੇ...... ਅੱਗੇ 'ਤੇ ਝੁਕਿਆ ਹੋਵੇ।' ਕਾਵਿ ਸਤਰਾਂ ਦੇ ਬਹਾਨੇ ਕਵੀ ਨੇ :
(*a*) ਪਿਆਰ ਦੀ ਪਾਵਨਤਾ ਨੂੰ ਪ੍ਰਗਟ ਕੀਤਾ ਹੈ।
(*b*) ਸਮਾਜਕ ਚੇਤਨਾ ਨੂੰ ਸੁਹਜਮਈ ਤਰੀਕੇ ਨਾਲ ਪੇਸ਼ ਕੀਤਾ ਹੈ।
(*c*) ਪਿਆਰ ਦੀ ਚਿਣਗ ਰਾਹੀਂ ਆਰਥਕ ਖ਼ਸਤਾਹਾਲੀ ਵੱਲ ਸੰਕੇਤ ਕੀਤਾ ਹੈ
(*d*) ਪਿਆਰ ਹਾਸਲ ਕਰਨ ਲਈ ਕੁਰਬਾਨੀ ਨੂੰ ਸਿਰਜਦਾ ਹੈ।

**45.** ਕਵਿਤਾ ਵਿਚ ਲੇਖਕ ਖ਼ਿਆਲ ਦੀ ਬੁਣਤੀ ਸਮੇਂ ਵਿਸ਼ੇਸ਼ ਨੁਕਤੇ 'ਤੇ ਜ਼ੋਰ ਦਿੰਦਾ ਹੈ :
(*a*) ਵਿਚਾਰ ਦੀ ਵਿਗਿਆਨਿਕਤਾ ਅਤੇ ਪ੍ਰਗਟਾਵੇ ਦੀ ਰਸਿਕਤਾ ਦਾ ਸੰਯੋਗ
(*b*) ਵਿਅਕਤੀ ਅਤੇ ਸਮਾਜ ਦੀ ਆਪਸੀ ਸਾਂਝ 'ਤੇ
(*c*) ਅਧਿਆਤਮਕ ਅਨੁਭਵ ਨੂੰ ਵਿਸਤਾਰਦਾ ਹੈ
(*d*) ਪਿੰਗਲ, ਅਰੂਜ਼, ਬਹਿਰ ਦਾ ਪ੍ਰਯੋਗ ਕਰਦਾ ਹੈ।

**46.** 'ਰਜਿਸਟਰ' ਸੰਬੰਧਿਤ ਹੈ :
(*a*) ਵਿਸ਼ੇਸ਼ ਅਨੁਸ਼ਾਸਨ ਦੀ ਸ਼ਬਦਾਵਲੀ ਨਾਲ।
(*b*) ਵਿਸ਼ੇ ਵਿਚ ਇਸਤੇਮਾਲ ਹੋਣ ਵਾਲੀਆਂ ਸਾਰੀਆਂ ਕਿਸਮਾਂ ਦੇ ਵਾਕਾਂ ਨਾਲ।
(*c*) ਹਰ ਕਿਸਮ ਦੀ ਪੜ੍ਹਾਈ ਨਾਲ
(*d*) ਮੁਲਾਂਕਣ ਦਾ ਰਿਕਾਰਡ ਰੱਖਣ ਨਾਲ।

**47.** ਐੱਨ.ਸੀ.ਐੱਫ. 2005 ਦੇ ਅਨੁਸਾਰ ਭਾਸ਼ਾ-ਸਿੱਖਿਆ :
(*a*) ਵਿਦਿਆਰਥੀਆਂ ਦੇ ਉਚਾਰਨ ਅਤੇ ਲਗਾਂ ਦੇ ਸੁਧਾਰ 'ਤੇ ਜ਼ਿਆਦਾ ਬਲ ਦਿੰਦੀ ਹੈ।
(*b*) ਵਿਦਿਆਰਥੀਆਂ ਨੂੰ ਪਾਠ-ਪੁਸਤਕ ਦਾ ਅੱਖਰ-ਅੱਖਰ ਯਾਦ ਕਰਨ 'ਤੇ ਬਲ ਦਿੰਦੀ ਹੈ
(*c*) ਵਿਦਿਆਰਥੀਆਂ ਦੀ ਕਿਰਿਆਸ਼ੀਲ ਸਹਿਭਾਗਤਾ 'ਤੇ ਬਲ ਦਿੰਦੀ ਹੈ
(*d*) ਵਿਦਿਆਰਥੀਆਂ ਦੇ ਲਿਖਣ 'ਤੇ ਵੱਧ ਬਲ ਦਿੰਦੀ ਹੈ।

**48.** ਭਾਸ਼ਾ-ਸਾਹਿਤ ਸਿੱਖਿਆ ਦਾ ਮੁੱਖ ਉਦੇਸ਼ :
(*a*) ਵਿਦਿਆਰਥੀਆਂ ਦੀਆਂ ਭਾਸ਼ਾਈ ਯੋਗਤਾਵਾਂ ਦਾ ਵਿਕਾਸ ਕਰਨਾ।
(*b*) ਵਿਦਿਆਰਥੀਆਂ ਵਿਚ ਸਾਹਿਤਕ ਕੌਸ਼ਲਾਂ ਦਾ ਵਿਕਾਸ ਕਰਨਾ।
(*c*) ਉਪਰੋਕਤ (*a*) ਅਤੇ (*b*) ਦੋਵੇਂ
(*d*) ਪਾਠ-ਪੁਸਤਕ ਦੇ ਪਾਠਾਂ ਨੂੰ ਚੰਗੀ ਤਰ੍ਹਾਂ ਯਾਦ ਕਰਨਾ।

49. ਆਗਮਨ ਵਿਧੀ ਦੁਆਰਾ ਵਿਆਕਰਨ ਸਿੱਖਿਆ ਦੀ ਤਰਤੀਬ ਹੈ :
(a) ਵਿਸ਼ਲੇਸ਼ਣ – ਸਧਾਰੀਕਰਨ – ਨਿਯਮੀਕਰਨ – ਉਦਾਹਰਨ
(b) ਉਦਾਹਰਨ – ਸਧਾਰੀਕਰਨ – ਨਿਯਮੀਕਰਨ – ਵਿਸ਼ਲੇਸ਼ਣ
(c) ਨਿਯਮੀਕਰਨ – ਉਦਾਹਰਨ – ਵਿਸ਼ਲੇਸ਼ਣ – ਸਧਾਰਨੀਕਰਨ
(d) ਉਦਾਹਰਨ – ਵਿਸ਼ਲੇਸ਼ਣ – ਸਧਾਰਨੀਕਰਨ – ਨਿਯਮੀਕਰਨ

50. 'ਜੀਵਨ ਨਾਲ ਜੋੜਨ ਦਾ ਸਿਧਾਂਤ' ਭਾਸ਼ਾਈ ਸਿੱਖਣ ਦੇ ਤਹਿਤ ਸੰਕੇਤ ਕਰਦਾ ਹੈ ਕਿ :
(a) ਦੂਜਿਆਂ ਦੇ ਜੀਵਨ ਦਾ ਸਵਾਂਗ ਉਤਾਰਨਾ
(b) ਭਾਸ਼ਾ ਵਰਤਾਉ ਦਾ ਜੀਵਨ ਵਿਚ ਅਭਿਆਸ ਕਰਨਾ
(c) ਭਾਸ਼ਾ ਸਿੱਖਣ ਦੀ ਅਭਿਆਸ ਪ੍ਰਕਿਰਿਆ ਵਿਚ ਜੀਵਨ ਦੀਆਂ ਪਰਿਸਥਿਤੀਆਂ ਦਾ ਲੋੜ ਅਨੁਸਾਰ ਪ੍ਰਯੋਗ ਕਰਨਾ
(d) ਭਾਸ਼ਾ ਸਿੱਖਣ ਦੀ ਅਭਿਆਸ ਪ੍ਰਕਿਰਿਆ ਵਿਚ ਜਮਾਤੀਆਂ ਦੀ ਜੀਵਨ ਪਰਿਸਥਿਤੀਆਂ 'ਤੇ ਟਿੱਪਣੀ ਕਰਨਾ।

51. ਅਧਿਆਪਕਾ ਜਮਾਤ ਵਿਚ ਪੜ੍ਹਾਉਣ ਤੋਂ ਪਹਿਲਾਂ ਇਕ ਉਦਾਹਰਨ ਦਿੰਦੀ ਹੈ ਤੇ ਫਿਰ ਵਿਸ਼ਲੇਸ਼ਣ ਨਾਲ ਨਿਯਮ ਕਰਵਾਉਂਦੀ ਹੈ। ਉਸਦੀ ਇਹ ਸਿਖਲਾਈ ਵਿਧੀ ਕਿਹੜੀ ਹੈ ?
(a) ਆਗਮਨ ਵਿਧੀ (b) ਨਿਗਮਨ ਵਿਧੀ
(c) ਖੇਲ ਵਿਧੀ (d) ਪਾਠ ਸੰਸਰਗ ਵਿਧੀ

52. ਸਫ਼ਲ ਉਪਚਾਰਾਤਮਕ ਸਿਖਲਾਈ ਲਈ ਜ਼ਰੂਰੀ ਹੈ :
(a) ਉਪਚਾਰਕ ਸਿੱਖਣ ਸਮੱਗਰੀ ਦੀ ਉਪਲਭਧੀ।
(b) ਭਾਸ਼ਾਈ-ਨਿਯਮਾਂ ਦੀ ਜਾਣਕਾਰੀ।
(c) ਬੱਚਿਆਂ ਦੇ ਮਾਂ-ਪਿਉ ਦਾ ਸਹਿਯੋਗ।
(d) ਸਮੱਸਿਆ ਦੇ ਕਾਰਨਾਂ ਦੀ ਸਹੀ ਪਛਾਣ।

53. ਭਾਸ਼ਣ ਤੇ ਲੇਖਣ ਵਿਚ ਕਿਹੜਾ ਬੁਨਿਆਦੀ ਫਰਕ ਹੈ ?
(a) ਲਿਖਤੀ ਭਾਸ਼ਾ ਦੀ ਸੁਚੇਤ ਹੋ ਕੇ ਨਿਗਰਾਨੀ ਨਹੀਂ ਕੀਤੀ ਜਾ ਸਕਦੀ।
(b) ਬੋਲੀ ਜਾਣ ਵਾਲੀ ਭਾਸ਼ਾ ਕੁਦਰਤੀ ਤੌਰ 'ਤੇ ਜ਼ਿਆਦਾ ਅਸਥਾਈ ਹੈ।
(c) ਬੋਲੀ ਜਾਣ ਵਾਲੀ ਭਾਸ਼ਾ ਜ਼ਿਆਦਾ ਤੇਜ਼ੀ ਨਾਲ ਬਦਲਦੀ ਨਹੀਂ ਹੈ।
(d) ਲਿਖਤੀ ਭਾਸ਼ਾ ਤੇਜ਼ੀ ਨਾਲ ਬਦਲਦੀ ਹੈ।

54. ਭਾਸ਼ਾ-ਪ੍ਰਾਪਤੀ ਅਤੇ ਭਾਸ਼ਾ ਸਿੱਖਿਆ ਵਿਚ ਮੁੱਖ ਅੰਤਰ ਕੀ ਹੈ ?
(a) ਭਾਸ਼ਾ ਦੀ ਜਟਿਲਤਾ ਦਾ (b) ਸ਼ਬਦਾਂ, ਵਾਕਾਂ ਦੇ ਅਰਥ ਦਾ
(c) ਸਹਿਜਤਾ ਅਤੇ ਸੁਭਾਵਿਕਤਾ ਦਾ
(d) ਭਾਸ਼ਾਈ-ਸਮੱਗਰੀ ਦਾ।

55. ਪਾਠ-ਪੁਸਤਕਾਂ ਮਹੱਤਵਪੂਰਨ ਹਨ :
(a) ਕਿਉਂਕਿ ਇਹ ਮਹੱਤਵਪੂਰਨ ਤੱਥਾਂ ਦਾ ਸੰਕਲਨ ਹੀ ਹਨ।
(b) ਕਿਉਂਕਿ ਇਹ ਵਿਦਿਆਰਥੀਆਂ ਨੂੰ ਆਪਣੇ ਆਲੇ-ਦੁਆਲੇ ਦੀ ਪੜਚੋਲ ਦਾ ਅਵਸਰ ਪ੍ਰਦਾਨ ਕਰਦੀਆਂ ਹਨ।
(c) ਕਿਉਂਕਿ ਇਹ ਕਵਿਤਾ, ਕਹਾਣੀ ਦੇ ਮਾਧਿਅਮ ਰਾਹੀਂ ਮਨੋਰੰਜਨ ਕਰਦੀਆਂ ਹਨ।
(d) ਕਿਉਂਕਿ ਇਹ ਪ੍ਰੀਖਿਆ ਦੀ ਦ੍ਰਿਸ਼ਟੀ ਤੋਂ ਮਹੱਤਵਪੂਰਨ ਹਨ।

56. ਬੱਚੇ ਵਿਚ ਭਾਸ਼ਾ ਦਾ ਵਿਕਾਸ :
(a) ਕੁਝ ਹੱਦ ਤੱਕ ਜਨਮ ਤੋਂ ਹੀ ਹੁੰਦਾ ਹੈ।
(b) ਸਮਾਜਿਕ-ਸੱਭਿਆਚਾਰਕ ਸੰਦਰਭਾਂ ਨਾਲ ਹੁੰਦਾ ਹੈ।
(c) ਸਿਰਫ਼ ਵਿਕਸਤ ਸ਼ਬਦ-ਭੰਡਾਰ ਨਾਲ ਹੁੰਦਾ ਹੈ।
(d) ਉਪਰੋਕਤ (a) ਅਤੇ (b) ਦੋਵੇਂ ਤਰੀਕਿਆਂ ਨਾਲ ਹੈ।

57. ਭਾਸ਼ਾ ਸੰਬੰਧੀ ਕਿਹੜਾ ਕਥਨ ਦਰੁਸਤ ਹੈ ?
(a) ਭਾਸ਼ਾ ਸਮਾਜ ਤੋਂ ਬਾਹਰ ਮੌਜੂਦ ਅਤੇ ਵਿਕਸਤ ਨਹੀਂ ਹੋ ਸਕਦੀ।
(b) ਭਾਸ਼ਾ ਸਿਰਫ ਜਮਾਤ ਵਿਚ ਹੀ ਪ੍ਰਾਪਤ ਕੀਤਾ ਜਾ ਸਕਦੀ ਹੈ।
(c) ਸਾਰੀਆਂ ਭਾਸ਼ਾਵਾਂ ਇੱਕ ਲਿੱਪੀ ਵਿਚ ਨਹੀਂ ਲਿਖੀਆਂ ਜਾ ਸਕਦੀਆਂ।
(d) ਭਾਸ਼ਾ ਦਾ ਸਮਾਜ ਅਤੇ ਸੱਭਿਆਚਾਰ ਨਾਲ ਕੋਈ ਰਿਸ਼ਤਾ ਨਹੀਂ ਹੈ।

58. ਕਵਿਤਾ, ਵਾਰਤਕ ਤੇ ਨਾਟਕ ਨੂੰ ਉੱਚ-ਜਮਾਤਾਂ ਵਿਚ ਪੜ੍ਹਾਉਣ ਦਾ ਮੂਲ ਮਨੋਰਥ ਹੈ :
(a) ਕੇਵਲ ਸਾਹਿਤਕ ਸਿਧਾਂਤਾਂ ਨਾਲ ਜਾਣ-ਪਛਾਣ ਕਰਵਾਉਣਾ।
(b) ਵਿਦਿਆਰਥੀਆਂ ਨੂੰ ਵਧੀਆ ਲੇਖਕ ਬਣਾਉਣਾ।
(c) ਸਾਹਿਤ ਪੜ੍ਹਾਉਣ ਦੀ ਪਰੰਪਰਾ ਨਿਭਾਉਣਾ।
(d) ਸਾਹਿਤਕ ਸੰਵੇਦਨਸ਼ੀਲਤਾ ਨੂੰ ਵਧਾਉਣਾ।

59. ਜਮਾਤ ਵਿਚ ਵਿਅਕਤੀਗਤ ਭਿੰਨਤਾ ਹੋਣ ਦੇ ਕਾਰਨ :
(a) ਭਾਸ਼ਾ ਸਿੱਖਿਆ ਕੰਪਿਊਟਰ ਆਧਾਰਿਤ ਵੱਧ ਹੋਣੀ ਚਾਹੀਦੀ ਹੈ।
(b) ਸਾਧਾਰਨ-ਸਮਾਜਿਕ ਅੰਤਰ-ਅਨੁਸ਼ਾਸਨੀ ਸਿੱਖਿਆ ਹੋਣੀ ਚਾਹੀਦੀ ਹੈ।
(c) ਅਧਿਆਪਕ ਨੂੰ ਪ੍ਰਮਾਣਿਕ ਭਾਸ਼ਾ ਦੇ ਪ੍ਰਯੋਗ 'ਤੇ ਜ਼ੋਰ ਦੇਣਾ ਚਾਹੀਦਾ ਹੈ।
(d) ਬੇਜੋੜ ਵਿਦਿਆਰਥੀਆਂ ਨੂੰ ਵੱਖ-ਵੱਖ ਪੜ੍ਹਾਉਣਾ ਚਾਹੀਦਾ ਹੈ।

60. ਗੱਦ ਅਧਿਐਨ ਦਾ ਪ੍ਰਮੁੱਖ ਉਦੇਸ਼ ਹੈ :
(a) ਵੇਗ ਵਿਚ ਪੜ੍ਹਨ ਦਾ ਅਭਿਆਸ
(b) ਭਾਸ਼ਾ, ਹਾਵ-ਭਾਵ, ਵਿਚਾਰ ਦਾ ਵਿਸ਼ਲੇਸ਼ਣ
(c) ਧੁਨੀ, ਸ਼ਬਦ, ਵਾਕ-ਰਚਨਾ ਦਾ ਵਿਸ਼ਲੇਸ਼ਣ
(d) ਰਸ, ਛੰਦ, ਅਲੰਕਾਰ ਦਾ ਅਧਿਐਨ

## English Language : (Question Number 61 to 90)

**Passage 1 : Please read the passage carefully and answer the question 61–68**

"India needs to strive harder than ever before to emerge as the pivot of the twenty first century world movements. For the moment She is passing through a turbulent period reminiscent of the French Revolution as also the Industrial Revolution. Besides, the micro–chip, the internet upsurge is hitting the nation with high magnitude. It's high time that India rides the tide of social change and harness the energy unleashed by these happening to the advantage. There is an urgent need to forge a new alliance of social and economic partners for achieving political predictability as well as stability in our polity without weakening the sub–stratum of socio-cultured ethos. Quite importantly, constitutional commitments should not be lost sight of. What is crucial is a thematic unity amongst the competing and at time, the warring sections of our society. Scorching for the commonalities amongst the diverse groups and solidifying them with sincerity should characterize our efforts. It is too tall an order to revitalize the fading spirit of integrative centralism which caters to the needs of all – 'the haves' and the 'have-nots', the privileged and the deprived sections of the society ? How much we yearn that all the pillars of democracy – the judiciary and the legislature and the regulative authorities in particular, function more efficiently and in greater harmony with each other !"

**61. According to text our 'efforts' should be 'characterized' by**
(*a*) search for varied groups
(*b*) search for points of agreement
(*c*) faith in strengthening common factors
(*d*) sincerity towards different groups

**62. In the write up, the author is**
(*a*) questioning the existence of the weaker sections of the society
(*b*) making a case for removing poverty among 'have-nots'
(*c*) pleading for strengthening the spirit that cares for the needs of all
(*d*) expressing his view that centralization should be allowed to fade.

**63. The most appropriate conclusion that can be drawn from this passage is**
(*a*) India is passing through a period of social and economic change
(*b*) diverse groups, without losing their distinctiveness need to work for common cause
(*c*) India is boldly facing challenges of varied nature
(*d*) We should settle our differences under the banner of a central force.

**64. In the text author looks at changes mentioned**
(*a*) rather passively (*b*) as unexpected developments
(*c*) in a positive manner (*d*) as something unimportant

**65. The author ultimately desires**
(*a*) political control
(*b*) a dependable, concordant and well functioning democratic setup
(*c*) absence of unrest in the society
(*d*) meeting of social and economic forces

**66. The term 'pivot' in the text means**
(*a*) torch bearer (*b*) pioneer
(*c*) upholder (*d*) nucleus

**67. According to the auhor India is in disarray because**
(*a*) people are becoming rebellious
(*b*) of the impact of unprecedented developments
(*c*) there is a change in the economic situation
(*d*) electronic explosion has unnerved her

**68. The expression 'thematic unity' refers to –**
(*a*) selective agreement (*b*) unity of action
(*c*) reciprocal respect (*d*) unity of purpose

A computer based society becomes a fragile society, easily disrupted, held in the grip of a small technical elite who would have enormous potential power. The controller and operators of the communication channels could exert massive political and social pressure. Technology concentrates power, although in appears to decentralize it. Spreading the computer network into every house, just as television has spread, appears to be bringing the power of computer and information systems to every corner of society. What it, in fact, does is to tighten the grip of a few on many. More people become dependent for their entertainment, their news and information, even for their financial arrangements and household facilities on a small group of people who control and manipulate the system for their own ends. The greater our technological dependence becomes (the more 'freedom' technology gives us), the more fragile does society become.
Technological dependence makes a society essentially unstable. It means that communities of people come to rely for their needs (food, work and social interactions) on organizations beyond the horizon of their own community. The technological infrastructure of such a society removes functions from local to regional, national or even to international levels. Food is not grown by the local community but is provided by an agricultural industry backed up by a complex food processing and distribution scheme that itself depends on other industries such as petro–chemical industry which itself is unstable and subject to many other inter–related concerns. A stable society can provide for its own needs on a local scale and would look further only for luxuries. An unstable technological society regards even luxuries as essentials, because to produce them would be economically profitable.
The instability of a technologically dependent society is also shown when restrictions are imposed on the rights of its citizens. The high–security computer installation, like the nuclear power station, reduces the citizen's rights. The need to protect society's high technology comes at the expense of restricting what citizens may do or where they be allowed to go. With soft computer technology the loss of rights comes primarily in the form of loss of privacy of information and the difficulty of finding out what information in held by whom, for what purpose, on whom. Countries themselves are not immune. Spy satellites look down on neutral as well as on the hostile. We are all, gloablly watched, so that whatever is done anywhere, is done in public.

**69. The word 'immune' in the third paragraph refers to**
(*a*) aggression by neighbours
(*b*) dependence on computers
(*c*) violation of citizen rights
(*d*) exempted from the impact of technology

**70. Compared to an 'unstable' society a 'stable' society**
(*a*) provides for wider dissemination of information
(*b*) respects citizen's demand for progress
(*c*) fulfils its basic needs locally
(*d*) provides for enjoyment of luxuries.

**71. The paradox of technological progress for us is that the more we**
(*a*) are freed of the burden of our domestic chores the more enfeebled we become
(*b*) rely on technology the more we increase our expenditure
(*c*) depend on technology the more leisure time we have on our hands
(*d*) bank upon technological assistance the more we become unsure of our capabilities.

**72. In this passage, a computer based society is called fragile because**
(*a*) it can be easily disrupted
(*b*) power gets highly decentralized in it
(*c*) a handful of people can manipulate it
(*d*) no one has real power to control it.

**73. Restrictions on citizen's rights in a technologically dependent society can take the form of**
(*a*) people's inability to exercise their freedom to have new knowledge
(*b*) excess of information in the hands of a few people
(*c*) lack of privacy of information
(*d*) high degree of privacy for a handful of people.

**74. The author's viewpoint regarding the illusory character of decentralization brought about by computer technology is conveyed in the first paragraph by the word**
(*a*) Fragile (*b*) Tighten
(*c*) Manipulate (*d*) Appears

**75. The greatest weakness of a technologically based society in the author's perception, is that**
(*a*) it needs continued expansion
(*b*) it is based on petro–chemical industry
(*c*) it needs complex political system to uphold it
(*d*) it leads to an infirm society.

**76. Which of the following is true about comprehension ?**
(*a*) For comprehension prior knowledge of the subject is required
(*b*) It is an active process in which the reader works to construct a meaningful message from a text
(*c*) Learner's decoding skills are not required.
(*d*) Comprehension requires a learner to have good vocabulary.

**77. Which of the following strategies is likely to be most effective to address student's difficulty in pronouncing a particular phoneme ?**
(*a*) Repeating the phoneme several times while pointing to its corresponding letters in a chart
(*b*) Using minimal pair activities such as rhyming words in poems and songs.
(*c*) Using an illustration to point out the specific parts of the mouth and point of articulation involved.
(*d*) Making the learner repeat several times by listening to others.

**78. The most effective approach to promote language development in learners is that in which the teacher**
(*a*) provides constant feedback to those learners whose language usage is problematic
(*b*) regularily points our learners language errors immediately and explicity
(*c*) chooses what errors to correct by primarily using constrastive analysis
(*d*) ignores learners errors and focuses primarily on comprehension.

**79. Which of the following has given most important to social interaction in the theory of language development ?**
(*a*) Skinner (*b*) Chomsky
(*c*) Piaget (*d*) Vygotsky

